**ਪੰਜਾਬ ਸਰਕਾਰ**
**ਸਕੂਲ ਸਿੱਖਿਆ ਵਿਭਾਗ**

ਵੱਲ

ਪੰਜਾਬ ਰਾਜ ਦੇ ਸਮੂਹ
ਸਕੂਲਾਂ ਦੇ ਮੁੱਖੀ।
(ਵੈੱਬਸਾਈਟ ਰਾਹੀਂ)

ਮੀਮੋ ਨੰ: samagra/smartschool/2019/225394

ਮਿਤੀ: 05-08-2019.

**ਵਿਸ਼ਾ:-** **ਮਿਡਲ ਸਕੂਲਾਂ ਅਤੇ ਬਿਨਾਂ ਸਕੂਲ ਹੈੱਡ ਦੇ ਹਾਈ ਸਕੂਲਾਂ ਬਾਰੇ।**

1.0 ਸਿੱਖਿਆ ਵਿਭਾਗ ਦੇ ਮਿਡਲ ਸਕੂਲ ਸਿੱਧੇ ਤੌਰ ਤੇ ਡੀ.ਡੀ.ਓਜ਼. ਦੇ ਕੰਟਰੋਲ ਹੇਠ ਹਨ ਅਤੇ ਜ਼ਿਆਦਾਤਰ ਸਟੇਸ਼ਨਾਂ ਤੇ ਸਕੂਲਾਂ ਦੇ ਪ੍ਰਿੰਸੀਪਲ ਜਾਂ ਹਾਈ ਸਕੂਲਾਂ ਦੇ ਰੈਗੂਲਰ ਹੈੱਡ ਇਨ੍ਹਾਂ ਸਕੂਲਾਂ ਦੇ ਡੀ.ਡੀ.ਓ. ਹਨ। ਇਹ ਆਮ ਵੇਖਣ ਵਿੱਚ ਆਇਆ ਹੈ ਕਿ ਡੀ.ਡੀ.ਓਜ਼. ਵੱਲੋਂ ਇਨ੍ਹਾਂ ਸਕੂਲਾਂ ਨੂੰ ਅਣਗੌਲਿਆ ਕੀਤਾ ਜਾਂਦਾ ਹੈ।

2.0 ਇੱਥੇ ਇਹ ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਅਜਿਹੇ ਸਕੂਲ ਬਤੌਰ ਡੀ.ਡੀ.ਓ. ਜਿਨ੍ਹਾਂ ਸਕੂਲ ਪ੍ਰਿੰਸੀਪਲਾਂ ਅਤੇ ਮੁੱਖ ਅਧਿਆਪਕਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ, ਇਨ੍ਹਾਂ ਡੀ.ਡੀ.ਓਜ਼. ਦੀ ਆਪਣੇ ਚਾਰਜ ਵਾਲੇ ਸਕੂਲ ਦੇ ਨਾਲ ਨਾਲ ਅਜਿਹੇ ਸਕੂਲਾਂ ਦੀ ਵੀ ਪੂਰੀ ਜਿੰਮੇਵਾਰੀ ਬਣਦੀ ਹੈ, ਜਿਨ੍ਹਾਂ ਜ਼ੀ ਕਿ ਉਹ ਬਤੌਰ ਡੀ.ਡੀ.ਓ. ਤਨਖਾਹਾਂ ਆਦਿ ਕਢਵਾਉਂਦੇ ਹਨ।

3.0 ਇਹ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਸਕੂਲਾਂ ਦੇ ਡੀ.ਡੀ.ਓ. ਦੇ ਤੌਰ ਤੇ ਕੰਮ ਕਰਦੇ ਸਮੂਹ ਸਕੂਲ ਮੁੱਖੀ ਇਨ੍ਹਾਂ ਸਕੂਲਾਂ, ਖਾਸ ਤੌਰ ਤੇ ਮਿਡਲ ਸਕੂਲਾਂ, ਦਾ ਦੌਰਾ ਕਰਨ ਅਤੇ ਇਨ੍ਹਾਂ ਸਕੂਲਾਂ ਦੇ ਅਧਿਆਪਕਾਂ ਨਾਲ ਮਿਲ ਕੇ 'ਬਾਲਾ ਵਰਕ' ਸਬੰਧੀ, ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਬਦਲਣ ਸਬੰਧੀ, ਵਿਦਿਆਰਥੀਆਂ ਦੇ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਸਬੰਧੀ ਅਤੇ ਇਨ੍ਹਾਂ ਸਕੂਲਾਂ ਦੀ ਬਿਹਤਰੀ ਲਈ ਬਾਕੀ ਲੋੜੀਂਦੇ ਕਦਮ ਚੁੱਕੇ ਜਾਣ।

**ਸਕੱਤਰ ਸਕੂਲ ਸਿੱਖਿਆ ਪੰਜਾਬ**